ਤੁਹਾਡੀ ਵਾਸ਼ਿੰਗਟਨ ਸਟੇਟ

# Health Home ਪੁਸਤਿਕਾ

... ਇੱਕ ਬਿਹਤਰ ਜ਼ਿੰਦਗੀ ਲਈ!



ਯੋਗ ਵਿਅਕਤੀਆਂ ਲਈ Health Home ਦੇਖਭਾਲ ਸਬੰਧੀ ਤਾਲਮੇਲ ਸੇਵਾਵਾਂ


Washington State Department of Social & Health Services
Transforming lives

Washington State Health Care Authority

[English] Language assistance services, including interpreters and translation of printed materials, are available free of charge. Call 1-877-501-2233 (TRS: 711).

[Amharic] የቋንቋ እገዛ አገልግሎት፣ አስተርጓሚ እና የሰነዶችን ትርጉም ጨምሮ በነጻ ይገኛል። 1-877-501-2233 (TRS: 711) ይደውሉ።

[Arabic] خدمات المساعدة في اللغات، بما في ذلك المترجمين الفوريين وترجمة المواد المطبوعة، متوفرة مجاناً، اتصل على رقم 1-877-501-2233 (TRS: 711).

[Burmese] ဘာသာပြန်ဆိုသူများနှင့် ထုတ်ပြန်ထားသည့် စာရွက်စာတမ်းများဘာသာပြန်ခြင်းအပါအဝင် ဘာသာစကားအထောက်အကူဝန်ဆောင်မှုများကို အခမဲ့ရနိုင်ပါသည်။ 1-877-501-2233 (TRS: 711) ကိုဖုန်းခေါ်ဆိုပါ။

[Cambodian] សេវាជំនួយភាសា រួមមានទាំងអ្នកបកប្រែផ្ទាល់មាត់ និង ការបកប្រែឯកសារបោះពុម្ព គឺអាចរកបានដោយឥតគិតថ្លៃ។ ហៅទូរស័ព្ទទៅលេខ 1-877-501-2233 (TRS: 711)។

[Chinese] 免费提供语言协助服务，包括口译员和印制资料翻译。请致电 1-877-501-2233 (TRS: 711)。

[Korean] 통역 서비스와 인쇄 자료 번역을 포함한 언어 지원 서비스를 무료로 이용하실 수 있습니다. 1-877-501-2233 (TRS: 711)번으로 전화하십시오.

[Laotian] ການບໍລິການດ້ານພາສາ, ລວມທັງນາຍແປພາສາ ແລະ ການແປເອກສານຕີພິມ, ມີໄວ້ໃຫ້ຟຣີໂດຍບໍ່ຄິດຄ່າ. ໂທຫາເລກ 1-877-501-2233 (TRS: 711).

[Oromo] Tajajilli gargaarsa afaanii, nama afaan hiikuu fi ragaalee maxxanfaman hiikuun, kaffaltii malee ni argattu. 1-877-501-2233 (TRS: 711) irratti bilbilaa.

[Persian] خدمات کمک زبانی، از جمله مترجم شفاهی و ترجمه اسناد و مدارک (مطالب) چاپی، بصورت رایگان ارائه خواهد شد.با شماره 1-877-501-2233 (TRS: 711) تماس بگیرید.

[Punjabi] ਭਾਸ਼ਾ ਸਹਾਇਤਾ ਸੇਵਾਵਾਂ—ਦੁਭਾਸ਼ੀਏ ਅਤੇ ਪ੍ਰਿੰਟ ਕੀਤੀ ਹੋਈ ਸਮੱਗਰੀ ਦੇ ਅੰਨੁਵਾਦ ਸਮੇਤ—ਮੁਫ਼ਤ ਉਪਲੱਬਧ ਹਨ। 1-877-501-2233 (TRS: 711) 'ਤੇ ਕਾਲ ਕਰੋ।

[Romanian] Serviciile de asistență lingvistică, inclusiv cele de interpretariat și de traducere a materialelor imprimate, sunt disponibile gratuit. Apelați 1-877-501-2233 (TRS: 711).

[Russian] Языковая поддержка, в том числе услуги переводчиков и перевод печатных материалов, доступна бесплатно. Позвоните по номеру 1-877-501-2233 (TRS: 711).

[Somali] Adeego caawimaad luuqada ah, ay ku jirto turjubaano afka ah iyo turjumid lagu sameeyo waraaqaha la daabaco, ayaa lagu helayaa lacag la'aan. Wac 1-877-501-2233 (TRS: 711).

[Spanish] Hay servicios de asistencia con idiomas, incluyendo intérpretes y traducción de materiales impresos, disponibles sin costo. Llame al 1-877-501-2233 (TRS: 711).

[Swahili] Huduma za msaada wa lugha, ikiwa ni pamoja na wakalimani na tafsiri ya nyaraka zilizochapishwa, zinapatikana bure bila ya malipo. Piga 1-877-501-2233 (TRS: 711).

[Tagalog] Mga serbisyong tulong sa wika, kabilang ang mga tagapagsalin at pagsasalin ng nakalimbag na mga kagamitan, ay magagamit ng walang bayad. Tumawag sa 1-877-501-2233 (TRS: 711).

[Tigrigna] ተርጎምትን ናይ ዝተፅሓፉ ማተርያላት ትርጉምን ሓዊሱ ናይ ቋንቋ ሓገዝ ግልጋሎት፤ ብዘይ ምንም ክፍሊት ይርከቡ። ብ 1-877-501-2233 (TRS: 711) ደውሉ።

[Ukrainian] Мовна підтримка, у тому числі послуги перекладачів та переклад друкованих матеріалів, доступна безкоштовно. Зателефонуйте за номером 1-877-501-2233 (TRS: 711).

[Vietnamese] Các dịch vụ trợ giúp ngôn ngữ, bao gồm thông dịch viên và bản dịch tài liệu in, hiện có miễn phí. Gọi 1-877-501-2233 (TRS: 711).

# ਤੁਹਾਡੀ ਵਾਸ਼ਿੰਗਟਨ ਸਟੇਟ Health Home ਪੁਸਤਿਕਾ

## Health Home ਕੀ ਹੈ?

Health Home ਕੋਈ ਥਾਂ ਨਹੀਂ ਹੈ; ਇਹ ਦੇਖਭਾਲ ਸਬੰਧੀ ਤਾਲਮੇਲ ਸੇਵਾਵਾਂ ਦਾ ਇੱਕ ਸੈਟ ਹੈ। ਇਹ ਦੇਖਭਾਲ ਕੋਆੱਰਡੀਨੇਟਰ ਵਲੋਂ ਉਪਲਬਧ ਕਰਾਇਆ ਜਾਂਦਾ ਹੈ, ਜੋ ਸੇਵਾਵਾਂ ਅਤੇ ਤੁਹਾਨੂੰ ਇਸ ਵੇਲੇ ਮਿਲ ਰਹੀ ਸਹਾਇਤਾ ਦੀ ਬਿਹਤਰ ਵਰਤੋਂ ਕਰਨ ਵਿਚ ਤੁਹਾਡੀ ਮਦਦ ਕਰਦਾ ਹੈ।

Health Home ਸੇਵਾਵਾਂ ਤੁਹਾਡੀਆਂ ਚੱਲ ਰਹੀਆਂ ਗੰਭੀਰ ਸਥਿਤੀਆਂ ਵੇਲੇ ਤੁਹਾਡੀ ਮਦਦ ਅਤੇ ਤੁਹਾਡੇ ਵਲੋਂ ਚੁਣੇ ਗਏ ਸਿਹਤ ਟੀਚੇ ਪੂਰੇ ਕਰਨ ਲਈ ਤੁਹਾਡੀ ਮਦਦ ਵਾਸਤੇ ਤਿਆਰ ਕੀਤੀਆਂ ਗਈਆਂ ਹਨ। Health Home ਸੇਵਾਵਾਂ ਮੈਡੀਕਲ ਅਤੇ ਸਮਾਜਕ ਸੇਵਾ ਲੋੜਾਂ, ਦੋਹਾਂ ਜਿਵੇਂ ਲੰਮੀ ਮਿਆਦ ਦੀਆਂ ਸੇਵਾਵਾਂ ਅਤੇ ਸਹਾਇਤਾ ਅਤੇ ਵਿਹਾਰ ਸਬੰਧੀ ਸਿਹਤ, ਜਿਸ ਵਿਚ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਸਬੰਧੀ ਵਿਗਾੜ ਸ਼ਾਮਿਲ ਹਨ, ਦੇ ਤਾਲਮੇਲ ਵਿਚ ਸੁਧਾਰ ਕਰਦੀਆਂ ਹਨ। Health Home ਪ੍ਰੋਗਰਾਮ ਤੁਹਾਡੀ ਦੇਖਭਾਲ ਤੱਕ ਪਹੁੰਚ ਵਧਾਉਣ ਅਤੇ ਤਾਲਮੇਲ ਲਈ ਬਣਾਇਆ ਗਿਆ ਹੈ।



## Health Home ਸੇਵਾਵਾਂ ਕੀ ਹਨ ਅਤੇ ਉਹ ਤੁਹਾਡੀ ਮਦਦ ਕਿਵੇਂ ਕਰ ਸਕਦੀਆਂ ਹਨ?

- ਵਿਆਪਕ ਦੇਖਭਾਲ ਪ੍ਰਬੰਧ ਵਿਚ ਟੀਚਿਆਂ ਅਤੇ ਉਹਨਾਂ ਟੀਚਿਆਂ ਨੂੰ ਹਾਸਿਲ ਕਰਨ ਲਈ ਕਾਰਵਾਈਆਂ ਕਰਕੇ ਵਿਅਕਤੀਗਤ ਸਿਹਤ ਕਾਰਜ ਯੋਜਨਾ ਦਾ ਵਿਕਾਸ ਕਰਨਾ ਸ਼ਾਮਿਲ ਹੈ।
- ਦੇਖਭਾਲ ਕਰਨ ਸਬੰਧੀ ਤਾਲਮੇਲ ਆਪਣੇ ਪ੍ਰੋਵਾਈਡਰਾਂ, ਪਰਿਵਾਰ ਅਤੇ ਹੋਰਨਾਂ ਸੰਭਾਲ ਕਰਨ ਵਾਲਿਆਂ ਨਾਲ ਗੱਲਬਾਤ ਕਰਨ ਨੂੰ ਬਿਹਤਰ ਬਣਾਉਣ ਵਿਚ ਮਦਦ ਕਰਦਾ ਹੈ।
- ਤੁਹਾਡੇ ਵਲੋਂ ਹਸਪਤਾਲ ਜਾਂ ਦੇਖਭਾਲ ਸਹੂਲਤ ਛੱਡਣ ਵੇਲੇ ਤਬਦੀਲੀ ਸਬੰਧੀ ਯੋਜਨਾਬੰਦੀ ਮਦਦ ਕਰਦੀ ਹੈ।
- ਵਿਅਕਤੀਗਤ ਅਤੇ ਪਰਿਵਾਰ ਸਹਾਇਤਾ ਸੇਵਾਵਾਂ, ਤੁਹਾਡੇ ਸਿਹਤ ਟੀਚਿਆਂ ਨੂੰ ਹਾਸਿਲ ਕਰਨ ਲਈ ਤੁਹਾਡੀ ਮਦਦ ਵਾਸਤੇ ਪਰਿਵਾਰ ਦੇ ਮੈਂਬਰਾਂ, ਗੈਰ-ਰਸਮੀ ਸਹਾਇਤਾ ਅਤੇ ਦੇਖਭਾਲ ਕਰਨ ਵਾਲਿਆਂ ਦੀਆਂ ਭੂਮਿਕਾਵਾਂ ਦਾ ਪਤਾ ਲਾਉਂਦੀਆਂ ਹਨ।
- ਟ੍ਰਾਂਸਪੋਰਟੇਸ਼ਨ, ਭੋਜਨ ਅਤੇ ਹਾਉਸਿੰਗ ਵਰਗੀਆਂ ਚੀਜ਼ਾਂ ਲਈ ਭਾਈਚਾਰਕ ਅਤੇ ਸਮਾਜਕ ਸਹਾਇਤਾ ਸੇਵਾਵਾਂ ਲਈ ਰੈਫ਼ਰਲ।
- ਤੁਹਾਡੇ ਸਿਹਤ ਟੀਚੇ ਹਾਸਿਲ ਕਰਨ ਲਈ ਹੈਲਥ ਪ੍ਰੋਮੋਸ਼ਨ ਤੁਹਾਡੀ ਮਦਦ ਵਾਸਤੇ ਸਿੱਖਿਆ ਅਤੇ ਭਲਾਈ ਸਬੰਧੀ ਕੋਚਿੰਗ ਉਪਲਬਧ ਕਰਾਉਂਦੀ ਹੈ।

## Health Home ਸੇਵਾਵਾਂ ਲਈ ਕੌਣ ਯੋਗ ਹੈ?

ਤੁਹਾਨੂੰ ਇਹ Health Home ਪੁਸਤਿਕਾ ਮਿਲੀ ਹੈ, ਕਿਉਂਕਿ ਤੁਸੀਂ ਇਸ ਪ੍ਰੋਗਰਾਮ ਲਈ ਯੋਗ ਹੋ। ਇਹ ਸੇਵਾਵਾਂ ਕਿਸੇ ਵੀ ਉਮਰ ਦੇ ਉਹਨਾਂ ਲੋਕਾਂ ਲਈ ਹੈ, ਜੋ ਘੱਟੋ-ਘੱਟ ਇੱਕ ਚੁਣੀ ਹੋਈ ਗੰਭੀਰ ਸਥਿਤੀ ਨਾਲ ਜ਼ਿੰਦਗੀ ਜੀ ਰਹੇ ਹਨ। ਕੁਝ ਗੰਭੀਰ ਸਿਹਤ ਸਥਿਤੀਆਂ, ਜੋ ਕਿਸੇ ਨੂੰ ਯੋਗ ਬਣਾ ਸਕਦੀਆਂ ਹਨ, ਵਿਚ ਸ਼ਾਮਿਲ ਹਨ:

- ਕੈਂਸਰ
- ਸਾਹ ਸਬੰਧੀ ਗੰਭੀਰ ਸਥਿਤੀਆਂ
- ਮਨੋ-ਭਰਮ ਜਾਂ ਅਲਜ਼ਾਈਮਰ ਬਿਮਾਰੀ
- ਡਾਇਬਟੀਜ਼
- ਢਿੱਡ ਦੀਆਂ ਆਂਦਰਾਂ ਦੀ ਬਿਮਾਰੀ
- ਦਿਲ ਦੀ ਬਿਮਾਰੀ
- ਬੌਧਿਕ ਅਸਾਵਾਂਪਨ ਜਾਂ ਬਿਮਾਰੀ
- ਵਿਹਾਰ ਸਬੰਧੀ ਸਿਹਤ ਸਥਿਤੀ
- ਮਸਕੂਲੋਸਕੈਲਟਲ ਸਥਿਤੀਆਂ
- ਤੰਤੂਆਂ ਸਬੰਧੀ ਬਿਮਾਰੀ

## Health Home ਦੇਖਭਾਲ ਕੋਆੱਰਡੀਨੇਟਰ ਕੀ ਹੈ?

Health Home ਦੇਖਭਾਲ ਕੋਆੱਰਡੀਨੇਟਰ ਕੋਈ ਵਿਅਕਤੀ ਹੈ, ਜੋ Health Home ਪ੍ਰੋਗਰਾਮ ਵਿਚ ਹਿੱਸਾ ਲੈਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਤੁਹਾਡਾ ਦੇਖਭਾਲ ਕੋਆੱਰਡੀਨੇਟਰ ਸਹੀ ਦੇਖਭਾਲ ਮਿਲਣ, ਢੁਕਵੇਂ ਪ੍ਰੋਵਾਈਡਰ ਤੋਂ ਲੈਕੇ ਸਹੀ ਸਮੇਂ ਅਤੇ ਥਾਂ 'ਤੇ ਤੁਹਾਡੇ ਨਾਲ ਕੰਮ ਕਰੇਗਾ।

ਤੁਹਾਡਾ ਦੇਖਭਾਲ ਕੋਆੱਰਡੀਨੇਟਰ, ਦੇਖਭਾਲ ਤਾਲਮੇਲ ਸੇਵਾਵਾਂ ਬਾਰੇ ਦੱਸਣ ਅਤੇ Health Home ਪ੍ਰੋਗਰਾਮ ਬਾਰੇ ਤੁਹਾਡੇ ਕਿਸੇ ਵੀ ਸੁਆਲਾਂ ਦਾ ਜਵਾਬ ਦੇਣ ਲਈ ਤੁਹਾਡੇ ਨਾਲ ਸੰਪਰਕ ਕਰੇਗਾ।

## ਤੁਸੀਂ Health Home ਸੇਵਾਵਾਂ ਕਿਵੇਂ ਲੈਂਦੇ ਹੋ?

Health Home ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਤਿੰਨ ਬੁਨਿਆਦੀ ਕਾਰਵਾਈਆਂ ਹਨ:

**1. Health Home ਨਾਲ ਜੁੜਣਾ**: ਇੱਕ ਵਾਰੀ ਯੋਗ ਹੁੰਦਿਆਂ ਹੀ, ਤੁਹਾਨੂੰ Health Home ਆਗੂ ਸੰਸਥਾ ਨਾਲ ਜੋੜਿਆ ਜਾਏਗਾ, ਜੋ ਤੁਹਾਨੂੰ ਤੁਹਾਡੇ ਨਾਲ ਸੰਪਰਕ ਕਰਨ ਲਈ ਦੇਖਭਾਲ ਕੋਆੱਰਡੀਨੇਟਰ ਨੂੰ ਨਿਯੁਕਤ ਕਰੇਗੀ। ਦੇਖਭਾਲ ਕੋਆੱਰਡੀਨੇਟਰ ਤੁਹਾਡੇ ਸੁਆਲਾਂ ਦਾ ਜਵਾਬ ਦਏਗਾ ਅਤੇ ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਤੁਸੀਂ Health Home ਪ੍ਰੋਗਰਾਮ ਵਿਚ ਹਿੱਸਾ ਲੈਣਾ ਹੈ ਜਾਂ ਨਹੀਂ।

**2. *ਜਾਣਕਾਰੀ ਸਾਂਝੀ ਕਰਨ ਵਾਲਾ ਅਤੇ ਸਹਿਮਤੀ ਫ਼ਾਰਮ ਭਰਨਾ*:** ਆਪਣੀ ਮੈਡੀਕਲ ਅਤੇ ਸਮਾਜਕ ਸੇਵਾ ਜਾਣਕਾਰੀ ਸਾਂਝੀ ਕਰਨ ਦੀ ਆਗਿਆ ਦੇਣ ਲਈ Health Home ਸੇਵਾਵਾਂ ਬਾਰੇ ਸਹਿਮਤੀ ਫ਼ਾਰਮ ਭਰਨ ਲਈ ਦੇਖਭਾਲ ਕੋਆੱਰਡੀਨੇਟਰ ਤੁਹਾਡੀ ਮਦਦ ਕਰੇਗਾ। ਇਹ ਜਾਣਕਾਰੀ ਸਿਰਫ਼ ਪ੍ਰੋਵਾਈਡਰਾਂ ਅਤੇ ਤੁਹਾਡੇ ਵਲੋਂ ਚੁਣੇ ਗਏ ਹੋਰਨਾਂ ਲੋਕਾਂ ਨਾਲ ਸਾਂਝੀ ਕੀਤੀ ਜਾਏਗੀ।

**3. ਹੈਲਥ ਕਾਰਜ ਯੋਜਨਾ ਪੂਰੀ ਕਰਨੀ:** ਤੁਸੀਂ ਆਪਣੇ ਖ਼ੁਦ ਦੇ ਸਿਹਤ ਟੀਚਿਆਂ ਦੀ ਚੋਣ ਕਰਨ ਦੇ ਸਮਰੱਥ ਹੋਵੋਗੇ, ਜਿਸ ਨੂੰ ਤੁਹਾਡਾ ਦੇਖਭਾਲ ਕੋਆੱਰਡੀਨੇਟਰ ਤੁਹਾਡੀ ਹੈਲਥ ਕਾਰਜ ਯੋਜਨਾ ਵਿਚ ਸ਼ਾਮਿਲ ਕਰੇਗਾ। ਇਸ ਨਾਲ ਤੁਹਾਨੂੰ ਮਦਦ ਮਿਲੇਗੀ ਅਤੇ ਤੁਹਾਡਾ ਦੇਖਭਾਲ ਕੋਆੱਰਡੀਨੇਟਰ ਵੇਖੇਗਾ, ਜੇ ਤੁਹਾਨੂੰ ਹੇਠਾਂ ਦਿੱਤਿਆਂ ਦੇ ਨਾਲ ਵਾਧੂ ਸੇਵਾਵਾਂ ਅਤੇ ਸ੍ਰੋਤਾਂ ਦੀ ਲੋੜ ਹੈ, ਜਿਵੇਂ:

- ਸਿਹਤ ਸੰਭਾਲ ਲੋੜਾਂ
- ਲੰਮੀ ਮਿਆਦ ਦੀਆਂ ਸੇਵਾਵਾਂ ਅਤੇ ਸਹਾਇਤਾ
- ਵਿਹਾਰ ਸਬੰਧੀ ਸਿਹਤ ਸੇਵਾਵਾਂ
- ਭਾਈਚਾਰਕ ਸ੍ਰੋਤ
  - ਹਾਊਸਿੰਗ
  - ਟ੍ਰਾਂਸਪੋਰਟੇਸ਼ਨ

ਤੁਸੀਂ ਆਪਣੀ ਚੋਣ ਦੀ ਸੈਟਿੰਗ ਵਿਚ ਕਿਸੇ ਵੀ ਵੇਲੇ ਭਵਿੱਖ ਦੀਆਂ ਵਿਜ਼ਿਟਾਂ ਲਈ ਬੇਨਤੀ ਅਤੇ ਪ੍ਰਬੰਧ ਕਰਨ ਲਈ ਕਹਿ ਸਕਦੇ ਹੋ। ।

## ਕੀ ਤੁਸੀਂ ਆਪਣੀ ਮੌਜੂਦਾ ਸਿਹਤ ਸੰਭਾਲ ਅਤੇ ਹੋਰ ਪ੍ਰੋਵਾਈਡਰਾਂ ਨਾਲ ਰਹਿਣਾ ਚਾਹੁੰਦੇ ਹੋ?

ਹਾਂ, ਤੁਹਾਡੀਆਂ ਮੌਜੂਦਾ ਸੇਵਾਵਾਂ ਅਤੇ ਪ੍ਰੋਵਾਈਡਰ ਉਹੀ ਰਹਿਣਗੇ। Health Home ਸੇਵਾਵਾਂ ਦੇ ਹਿੱਸੇ ਵਜੋਂ, ਤੁਹਾਡਾ ਦੇਖਭਾਲ ਕੋਆੱਰਡੀਨੇਟਰ ਤਾਲਮੇਲ ਵਾਲੀ ਕਵਰੇਜ ਅਤੇ ਤੁਹਾਡੀ ਬਦਲ ਰਹੀ ਲੋੜ ਅਨੁਸਾਰ ਦੇਖਭਾਲ ਵਿਚ ਤਬਦੀਲੀਆਂ ਬਾਰੇ ਪ੍ਰੋਵਾਈਡਰਾਂ ਨਾਲ ਸੰਪਰਕ ਕਰ ਸਕਦਾ ਹੈ।

## ਪ੍ਰੋਵਾਈਡਰਾਂ ਨੂੰ ਕਿਵੇਂ ਪਤਾ ਚਲੇਗਾ ਕਿ ਤੁਸੀਂ Health Home ਪ੍ਰੋਗਰਾਮ ਵਿਚ ਹੋ ਅਤੇ ਕਿਸ ਨਾਲ ਸੰਪਰਕ ਕਰੋ?

ਉਹ ProviderOne ਦਾ ਪਤਾ ਲਾਕੇ ਜਾਂ 1-800-562-3022 'ਤੇ ਸਿਹਤ ਸੰਭਾਲ ਅਥਾੱਰਿਟੀ ਨਾਲ ਸੰਪਰਕ ਕਰਕੇ ਦੱਸ ਸਕਦੇ ਹਨ।।

## ਕੀ ਤੁਹਾਨੂੰ Health Home ਸੇਵਾਵਾਂ ਲਈ ਭੁਗਤਾਨ ਕਰਨਾ ਪੈਣਾ ਹੈ?

ਨਹੀਂ, ਤੁਹਾਨੂੰ ਇਹ ਸੇਵਾਵਾਂ ਬਿਨਾ ਕਿਸੇ ਲਾਗਤ ਦੇ ਉਪਲਬਧ ਕਰਾਈਆਂ ਜਾਂਦੀਆਂ ਹਨ।

## ਜੇ ਤੁਸੀਂ ਆਪਣੇ ਸਿਹਤ ਦੇਖਭਾਲ ਕੋਆੱਰਡੀਨੇਟਰ ਨਾਲ ਨਾਖ਼ੁਸ਼ ਹੋ, ਤਾਂ ਕੀ ਹੁੰਦਾ ਹੈ?

ਤੁਸੀਂ ਦੂਜੇ ਕੇਅਰ ਕੋਆੱਰਡੀਨੇਟਰ ਦੀ ਬੇਨਤੀ ਕਰਨ ਲਈ ਆਪਣੀ Health Home ਤਾਲਮੇਲ ਸੰਸਥਾ ਨਾਲ ਸੰਪਰਕ ਕਰ ਸਕਦੇ ਹੋ।

## ਜੇ ਤੁਸੀਂ ਕਿਸੇ ਹੋਰ ਸਟੇਟ ਵਿਚ ਚਲੇ ਜਾਂਦੇ ਹੋ, ਤਾਂ ਕੀ ਹੁੰਦਾ ਹੈ?

ਤੁਹਾਨੂੰ ਨਵਾਂ ਦੇਖਭਾਲ ਕੋਆੱਰਡੀਨੇਟਰ ਦਿੱਤਾ ਜਾ ਸਕਦਾ ਹੈ। ਤੁਹਾਡੇ ਨਾਲ ਜਾਰੀ ਸੇਵਾਵਾਂ ਬਾਰੇ ਸੰਪਰਕ ਕੀਤਾ ਜਾਏਗਾ।

## ਜੇ ਤੁਸੀਂ Apple Health (Medicaid) ਜਾਂ ਮੈਡੀਕੇਅਰ ਕਵਰੇਜ ਖੁੰਝਾ ਲੈਂਦੇ ਹੋ, ਤਾਂ ਕੀ ਹੁੰਦਾ ਹੈ?

ਜੇ ਤੁਸੀਂ Apple Health (Medicaid) ਯੋਗਤਾ ਖੁੰਝਾ ਲੈਂਦੇ ਹੋ, ਤਾਂ ਤੁਸੀਂ ਹੁਣ Health Home ਸੇਵਾਵਾਂ ਲਈ ਯੋਗ ਨਹੀਂ ਹੋਵੋਗੇ।

ਜੇ ਤੁਸੀਂ ਆਪਣੀ ਮੈਡੀਕੇਅਰ ਯੋਗਤਾ ਖੁੰਝਾ ਲੈਂਦੇ ਹੋ ਅਤੇ ਆਪਣੀ ਤੁਹਾਡੀ Apple Health ਯੋਗਤਾ ਨਹੀਂ ਹੈ, ਤਾਂ ਤੁਸੀਂ ਅਜੇ ਵੀ Health Home ਸੇਵਾਵਾਂ ਲੈਣ ਦੇ ਯੋਗ ਹੋ ਸਕਦੇ ਹੋ।

## ਸ਼ਿਕਾਇਤ ਅਤੇ ਅਪੀਲਾਂ ਬਾਰੇ ਤੁਹਾਡੇ ਕੀ ਹੱਕ ਹਨ?

ਤੁਸੀਂ ਆਪਣੀ ਮੌਜੂਦਾ Apple Health ਅਤੇ ਮੈਡੀਕੇਅਰ ਸ਼ਿਕਾਇਤ ਅਤੇ ਅਪੀਲਾਂ ਬਾਰੇ ਹੱਕ ਬਹਾਲ ਰੱਖੋ।

## ਜੇ ਤੁਸੀਂ ਹੁਣ Health Home ਪ੍ਰੋਗਰਾਮ ਵਿਚ ਸ਼ਾਮਿਲ ਨਹੀਂ ਹੋਣਾ ਚਾਹੁੰਦੇ, ਤਾਂ ਕੀ ਹੁੰਦਾ ਹੈ?

ਤੁਸੀਂ ਆਪਣੇ Health Home ਦੇਖਭਾਲ ਕੋਆੱਰਡੀਨੇਟਰ ਨਾਲ ਗੱਲ ਕਰ ਸਕਦੇ ਹੋ ਅਤੇ ਪ੍ਰੋਗਰਾਮ ਵਿਚੋਂ ਬਾਹਰ ਹੋਣ ਲਈ ਕਹੋ। ਜੇ ਬਾਅਦ ਵਿਚ ਤੁਹਾਡਾ ਮਨ ਬਦਲ ਜਾਂਦਾ ਹੈ, ਤਾਂ ਤੁਸੀਂ 1-800-562-3022 ‘ਤੇ ਸਿਹਤ ਸੰਭਾਲ ਅਥਾੱਰਿਟੀ ਨੂੰ ਕਾੱਲ ਕਰ ਸਕਦੇ ਹੋ ਅਤੇ Health Home ਪ੍ਰੋਗਰਾਮ ਵਿਚ ਮੁੜ ਨਾਂ ਦਰਜ ਕਰਾਉਣ ਲਈ ਕਹੋ।

## ਅਮਰੀਕਨ ਇੰਡੀਅਨ ਜਾਂ ਅਲਾਸਕਾ ਮੂਲ ਦੇ ਨਿਵਾਸੀਆਂ ਲਈ

ਯੋਗ ਅਮਰੀਕਨ ਇੰਡੀਅਨ ਅਤੇ ਅਲਾਸਕਾ ਮੂਲ ਦੇ ਨਿਵਾਸੀ ਸਿਹਤ ਸੰਭਾਲ ਅਥਾੱਰਿਟੀ ਨਾਲ ਸੰਪਰਕ ਕਰਕੇ ਕਿਸੇ ਵੀ ਸਮੇਂ Health Home ਵਿਚ ਸ਼ਾਮਿਲ ਹੋਣ ਦੀ ਚੋਣ ਕਰ ਸਕਦੇ ਹਨ, ਜੋ ਯੋਗਤਾ ਦੀ ਪੁਸ਼ਟੀ ਕਰੇਗੀ ਅਤੇ ਨਾਂ ਦਰਜ ਕਰਾਉਣ ਵਿਚ ਮਦਦ ਕਰੇਗੀ।



# ਸਿਹਤ ਸੰਕਟ ਹੋਣ ‘ਤੇ ਕਿਸ ਨੂੰ ਕਾੱਲ ਕਰੋ

ਜ਼ਿੰਦਗੀ ਲਈ ਖ਼ਤਰੇ ਵਾਲੀ ਐਮਰਜੈਂਸੀ ਲਈ

**911 ਨੂੰ ਕਾੱਲ ਕਰੋ।**

### ਵੈਬ ‘ਤੇ

Health Home ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ **hca.wa.gov/free-or-low-cost-health-care/apple-health-medicaid-coverage/health-home** ‘ਤੇ ਜਾਓ।

HCA ਆਪਣੀਆਂ ਸੇਵਾਵਾਂ ਤੱਕ ਬਰਾਬਰੀ ਵਾਲੀ ਪਹੁੰਚ ਉਪਲਬਧ ਕਰਾਉਣ ਲਈ ਵਚਨਬੱਧ ਹੈ। ਜੇ ਤੁਹਾਨੂੰ ਰਿਹਾਇਸ਼ ਦੀ ਲੋੜ ਹੈ ਜਾਂ ਕਿਸੇ ਹੋਰ ਰੂਪ ਵਿਚ ਦਸਤਾਵੇਜ਼ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 1-800-562-3022 ‘ਤੇ ਕਾੱਲ ਕਰੋ। ਸੁਣਨ ਜਾਂ ਬੋਲਣ ਵਿਚ ਮੁਸ਼ਕਿਲਾਂ ਵਾਲੇ ਲੋਕ, ਕਿਰਪਾ ਕਰਕੇ ਰਿਲੇ ਸੇਵਾਵਾਂ ਲਈ 711 ‘ਤੇ ਕਾੱਲ ਕਰਨ।

Washington State Health Care Authority

P.O. Box 45535
Olympia, WA 98504-5535

HCA 22-851 PJ (6/21) Punjabi